# ਸ਼੍ਰੇਣੀ ਛੇਵੀਂ
# ਸੰਗੀਤ ਵਾਦਨ
## ਪੇਪਰ - ਏ

ਸਮਾਂ ਲਿਖਤੀ -3 ਘੰਟੇ
ਪ੍ਰਯੋਗੀ:20 ਮਿੰਟ (ਪ੍ਰਤੀ ਵਿਦਿਆਰਥੀ)

ਲਿਖਤੀ:-40 ਅੰਕ
ਪ੍ਰਯੋਗੀ :- 50 ਅੰਕ
ਸੀ.ਸੀ.ਈ. :-10 ਅੰਕ
ਕੁੱਲ :-100 ਅੰਕ

### ਪ੍ਰਸ਼ਨ-ਪੱਤਰ ਦੀ ਰੂਪ-ਰੇਖਾ (ਲਿਖਤੀ)

1. ਲਿਖਤੀ ਪ੍ਰਸ਼ਨ-ਪੱਤਰ ਵਿੱਚ ਕੁੱਲ 23 ਪ੍ਰਸ਼ਨ ਹੋਣਗੇ।
2. ਪ੍ਰਸ਼ਨ ਪੱਤਰ ਦੇ ਕੁੱਲ ਤਿੰਨ ਭਾਗ ਹੋਣਗੇ।

ਭਾਗ-1 ਵਿੱਚੋਂ 9 ਵਸਤੂਨਿਸ਼ਠ ਪ੍ਰਸ਼ਨ (ਪ੍ਰ. ਨੰ: 1-9) ਪੁੱਛੇ ਜਾਣਗੇ। ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਤੋਂ ਵੱਧ ਨਹੀ ਹੋਣਾ ਚਾਹੀਦਾ ਹੈ। 9×1=9 ਅੰਕ

ਭਾਗ- 2 ਵਿੱਚੋਂ 10 ਸੰਖੇਪਾਤਮਕ ਪ੍ਰਸ਼ਨ (ਪ੍ਰ. ਨੰ: 10-19) ਪੁੱਛੇ ਜਾਣਗੇ। ਹਰੇਕ ਪ੍ਰਸ਼ਨ 3 ਅੰਕਾਂ ਦਾ ਹੋਵੇਗਾ। ਇਹਨਾਂ 10 ਪ੍ਰਸ਼ਨਾਂ ਵਿੱਚੋ ਕੋਈ 7 ਪ੍ਰਸ਼ਨ ਕਰਨੇ ਲਾਜ਼ਮੀ ਹਨ ਜਿਨ੍ਹਾਂ ਦਾ ਉੱਤਰ 10-15 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ।

7×3=21 ਅੰਕ

ਭਾਗ-3 ਵਿੱਚੋਂ 4 ਨਿਬੰਧਾਤਮਕ ਪ੍ਰਸ਼ਨ (ਪ੍ਰ. ਨੰ: 20-23) ਪੁੱਛੇ ਜਾਣਗੇ। ਹਰੇਕ ਪ੍ਰਸ਼ਨ 5 ਅੰਕਾਂ ਦਾ ਹੋਵੇਗਾ। ਇਹਨਾਂ 4 ਪ੍ਰਸ਼ਨਾਂ ਵਿੱਚੋ ਕੋਈ 2 ਪ੍ਰਸ਼ਨ ਕਰਨੇ ਲਾਜ਼ਮੀ ਹਨ ਜਿਨ੍ਹਾਂ ਦਾ ਉੱਤਰ 150-200 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ। 5×2=10 ਅੰਕ

### ਭਾਗ ਵਾਇਜ਼ ਪ੍ਰਸ਼ਨਾਂ ਅਤੇ ਅੰਕਾਂ ਦੀ ਵੰਡ

| ਪ੍ਰਸ਼ਨਾਂ ਦੀ ਕਿਸਮ | ਅੰਕ ਪ੍ਰਤੀ ਪ੍ਰਸ਼ਨ | ਪ੍ਰਸ਼ਨਾਂ ਦੀ ਸੰਖਿਆ | ਭਾਗ ਵਾਇਸ ਪ੍ਰਸ਼ਨਾਂ ਦੀ ਵੰਡ | | ਕੁੱਲ ਅੰਕ |
|---|---|---|---|---|---|
| | | | ਭਾਗ - ੳ | ਭਾਗ - ਅ | |
| ਵਸਤੂਨਿਸ਼ਠ ਪ੍ਰਸ਼ਨ | 1 ਅੰਕ | 09 | 5 | 4 | 09 |
| ਛੋਟੇ ਉੱਤਰਾਂ ਵਾਲੇ ਪ੍ਰਸ਼ਨ | 3 ਅੰਕ | 10 | 6 | 4 | 21 |
| ਨਿਬੰਧਾਤਮਕ ਪ੍ਰਸ਼ਨ | 5 ਅੰਕ | 04 | 2 | 2 | 10 |
| ਕੁੱਲ | | 23 | 13 | 10 | 40 |

ੲ

# ਮਾਡਲ ਟੈਸਟ ਪੇਪਰ

**ਭਾਗ-I : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ ਲਿਖੋ:-**

1. ਸੰਗੀਤ ਕਿਸਨੂੰ ਆਖਦੇ ਹਨ ?
2. ਸਪਤਕ ਕਿਸਨੂੰ ਆਖਦੇ ਹਨ ?
3. ਆਰੋਹ ਦੀ ਪਰਿਭਾਸ਼ਾ ਲਿਖੋ ?
4. ਅਵਰੋਹ ਦੀ ਪਰਿਭਾਸ਼ਾ ਲਿਖੋ ?
5. ਅਲੰਕਾਰ ਸ਼ਬਦ ਕਿਸ ਭਾਸ਼ਾ ਦਾ ਸ਼ਬਦ ਹੈ ?
6. ਦਾਦਰਾ ਤਾਲ ਕਿੰਨੀਆਂ ਮਾਤਰਾਵਾਂ ਦੀ ਹੁੰਦੀ ਹੈ ?
7. ਕਹਿਰਵਾ ਤਾਲ ਦੀ ਕਿਹੜੀ ਮਾਤਰਾ ਖਾਲੀ ਹੁੰਦੀ ਹੈ ?
8. ਕੋਮਲ ਸਵਰਾਂ ਦੀ ਪਹਿਚਾਣ ਦੱਸੋ ?
9. ਮੰਦਰ ਸਪਤਕ ਦੀ ਕੀ ਪਹਿਚਾਣ ਹੁੰਦੀ ਹੈ ?

[1×9= 9]

**ਭਾਗ-II : ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ ਦਿਓ:-**

10. ਸਵਰ ਕਿੰਨੇ ਹੁੰਦੇ ਹਨ ? ਵਿਆਖਿਆ ਕਰੋ।
11. ਕੋਈ ਤਿੰਨ ਅਲੰਕਾਰ ਲਿਖੋ।
12. ਸਪਤਕ ਕਿੰਨੇ ਹੁੰਦੇ ਹਨ ? ਕਿਸੇ ਇੱਕ ਸਪਤਕ ਦੀ ਪਰਿਭਾਸ਼ਾ ਲਿਖੋ।
13. ਕੋਮਲ ਸਵਰ ਅਤੇ ਸ਼ੁੱਧ ਸਵਰ ਦੀ ਪਰਿਭਾਸ਼ਾ ਦਿਉ।
14. ਕਹਿਰਵਾ ਤਾਲ ਦਾ ਪਰਿਚੈ ਲਿਖੋ।
15. ਦਾਦਰਾ ਤਾਲ ਦਾ ਪਰਿਚੈ ਲਿਖੋ।
16. ਵਿਲੰਬਤ ਲੈਅ ਦੀ ਪਰਿਭਾਸ਼ਾ ਲਿਖੋ।
17. ਅਲੰਕਾਰ ਦੀ ਪਰਿਭਾਸ਼ਾ ਲਿਖੋ ਅਤੇ ਅਲੰਕਾਰਾਂ ਦੇ ਤਿੰਨ ਲਾਭ ਲਿਖੋ।
18. ਵਾਦਨ ਦੀ ਪਰਿਭਾਸ਼ਾ ਦੱਸੋ ਅਤੇ ਵਾਦਨ ਦੀ ਸੰਗੀਤ ਵਿੱਚ ਕੀ ਮਹੱਤਤਾ ਹੈ ?
19. ਤੀਵਰ ਸਵਰ ਕਿਸਨੂੰ ਆਖਦੇ ਹਨ ਅਤੇ ਸੰਗੀਤ ਵਿੱਚ ਕਿਹੜੇ ਸ਼ਬਦ ਨੂੰ ਤੀਵਰ ਮੰਨਿਆ ਗਿਆ ਹੈ ?

[3×7=21]

**ਭਾਗ-III : ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਲਿਖੋ:-**

20. ਲੈਅ ਕਿਸਨੂੰ ਆਖਦੇ ਹਨ ਅਤੇ ਲੈਅ ਦੇ ਪ੍ਰਕਾਰਾਂ ਦੀ ਵਿਆਖਿਆ ਕਰੋ।
21. ਸਪਤਕ ਕਿਸਨੂੰ ਆਖਦੇ ਹਨ ਅਤੇ ਸਪਤਕ ਦੇ ਪ੍ਰਕਾਰਾਂ ਦੀ ਵਿਆਖਿਆ ਕਰੋ।
22. ਕਹਿਰਵਾ ਤਾਲ ਦੀ ਇੱਕਗੁਣ ਅਤੇ ਦੁਗੁਣ ਲਿਖੋ।
23. ਦਾਦਰਾ ਤਾਲ ਦੀ ਇੱਕਗੁਣ ਅਤੇ ਦੁਗੁਣ ਲਿਖੋ।

[5×2=10]